ਦਫਤਰ : ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ ਨਗਰ
ਪੰਜਵੀਂ ਮੰਜਿਲ,ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,ਫੇਜ-8 ਐਸ.ਏ.ਐਸ ਨਗਰ
(ਵਜੀਫਾ ਸਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਸਮੂਹ ਸਕੂਲ ਮੁਖੀ/ਪ੍ਰਿੰਸੀਪਲ।

ਮੀਮੋ ਨੰ. 6/3-2018 ਵਜੀਫਾ(2)
ਮਿਤੀ:- 3-7-18

ਵਿਸ਼ਾ:- ਵਿਦਿਅਕ ਸੈਸਨ 2018-19 epunjabschool.gov.in ਤੇ ਪ੍ਰੀ-ਮੈਟ੍ਰਿਕ ਸਕਾਲਰਸਿਪ ਸਕੀਮਾਂ ਅਧੀਨ ਸਕੂਲਾਂ ਵੱਲੋਂ ਭਰੇ ਜਾ ਰਹੇ ਵਿਦਿਆਰਥੀਆਂ ਦੇ ਡਾਟੇ ਸਬੰਧੀ ਹਦਾਇਤਾਂ ।

ਉਪਰੋਕਤ ਵਿਸ਼ੇ ਸਬੰਧੀ ਸਾਲ 2018-19 ਅਧੀਨ ਸਮੂਹ ਸਰਕਾਰੀ/ਏਡਿਡ/ਪ੍ਰਾਈਵੇਟ ਸਕੂਲ/ਸੰਸਥਾ ਜੋ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ ਹੋਣ ਅਤੇ ਈ-ਪੰਜਾਬ ਪੋਰਟਲ ਤੇ ਰਜਿਸਟਰਡ ਹੋਣ,ਦੇ ਵਿਦਿਆਰਥੀ ਪੋਰਟਲ ਤੇ ਵੱਖ-ਵੱਖ ਵਜੀਫਾ ਸਕੀਮਾਂ ਵਿੱਚ ਅਪਲਾਈ ਕਰਨ ਲਈ ਯੋਗ ਹਨ। ਇਸ ਸਬੰਧੀ ਹੇਠਾਂ ਦਰਸਾਈਆਂ ਹਦਾਇਤਾਂ ਅਨੁਸਾਰ ਪੋਰਟਲ ਤੇ ਵਿਦਿਆਰਥੀਆਂ ਦਾ ਡਾਟਾ ਭਰਿਆ ਜਾਵੇ:-

1) ਸਕੀਮਾਂ ਸਬੰਧੀ ਹਦਾਇਤਾਂ ਅਤੇ FAQs www.ssapunjab.org ਦੇ scholarship link ਤੇ ਉਪਲਬਧ ਹਨ। ਇਨ੍ਹਾਂ ਸਕੀਮਾਂ ਵਿੱਚ ਵਿਦਿਆਰਥੀਆਂ ਦੇ ਕਲੇਮ ਭਰਨ ਸਮੇਂ ਹਦਾਇਤਾਂ ਨੂੰ ਵਿਸ਼ੇਸ਼ ਤੌਰ ਤੇ ਧਿਆਨ ਵਿੱਚ ਰੱਖਿਆ ਜਾਵੇ। ਇਸ ਦੀ ਕਾਪੀ ਨੋਟਿਸ ਬੋਰਡ ਤੇ ਵੀ ਲਗਾਈ ਜਾਵੇ।

2) **Workflow:-**
ਇਸ ਕੰਮ ਨੂੰ ਹੇਠ ਲਿਖੇ workflow ਨਾਲ ਕੀਤਾ ਜਾਵੇ।
ਵਿਦਿਆਰਥੀ→ਜਮਾਤ ਇੰਚਾਰਜ→ਪ੍ਰੀ ਮੈਟ੍ਰਿਕ ਸਕੀਮਾਂ ਦੇ ਨੋਡਲ ਇੰਚਾਰਜ→ਜਿਲ੍ਹਾ ਸਿੱਖਿਆ ਅਫਸਰ→ਡੀ.ਪੀ.ਆਈ(ਸੈ:ਸਿ) →ਭਲਾਈ ਵਿਭਾਗ

3) ਆਧਾਰ ਕਾਰਡ ਸਬੰਧੀ:-
ਸਕੀਮ ਵਿੱਚ ਅਪਲਾਈ ਕਰਨ ਵਾਲੇ ਵਿਦਿਆਰਥੀਆਂ ਦਾ ਆਧਾਰ ਹੋਣਾ ਲਾਜਮੀ ਹੈ ਅਤੇ ਇਸ ਨੂੰ ਬੈਂਕ ਖਾਤੇ ਨਾਲ ਲਿੰਕ ਕਰਵਾਉਣਾ/ਆਧਾਰ ਸੀਡਿੰਗ ਕਰਵਾਉਣਾ ਵੀ ਜਰੂਰੀ ਹੈ। ਜੇਕਰ ਕਿਸੇ ਵਿਦਿਆਰਥੀ ਦਾ ਆਧਾਰ ਨਹੀਂ ਬਣਿਆ ਹੈ, ਤਾਂ ਵਿਸ਼ੇਸ਼ ਉਪਰਾਲੇ ਕਰਕੇ ਉਸ ਦਾ ਆਧਾਰ ਬਣਵਾਇਆ ਜਾਵੇ।

Scanned by CamScanner

4) ਆਧਾਰ ਸੀਡਿੰਗ ਸਬੰਧੀ:-

ਸਕੂਲਾਂ ਵਿੱਚ ਵੱਖ-ਵੱਖ ਵਜ਼ੀਫਾ ਸਕੀਮਾਂ ਅਧੀਨ ਵਿਦਿਆਰਥੀਆਂ ਨੇ ਜਿਸ ਬੈਂਕ ਵਿੱਚ ਖਾਤਾ ਖੁਲਵਾਇਆ ਹੈ, ਉਸ ਦੀ ਕਲਾਸ ਵਾਈਜ਼ ਅਤੇ ਬੈਂਕ ਵਾਈਜ਼ ਲਿਸਟਾਂ ਤਿਆਰ ਕਰਕੇ ਜਿਸ ਵਿੱਚ ਵਿਦਿਆਰਥੀਆਂ ਦਾ consent form ਲਗਾ ਕੇ ਬੈਂਕ ਨੂੰ ਲਿਸਟਾਂ ਸਕੂਲਾਂ ਵੱਲੋਂ ਹੀ ਭੇਜ਼ ਦਿੱਤੀਆਂ ਜਾਣ, ਜਿਸ ਵਿੱਚ ਬੈਂਕ ਖਾਤਿਆਂ ਨਾਲ ਆਧਾਰ ਸੀਡਿੰਗ ਦੀ ਕਾਰਵਾਈ ਸ਼ੁਰੂ ਵਿੱਚ ਹੀ 100% ਮੁਕੰਮਲ ਹੋ ਸਕੇ।ਜੇਕਰ ਸੀਡਿੰਗ ਸਮੇਂ ਕਿਸੇ ਬੈਂਕ ਵੱਲੋਂ ਕੋਈ ਮੁਸ਼ਕਿਲ ਆਉਂਦੀ ਹੈ, ਤਾਂ ਉਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਨੂੰ ਸੂਚਿਤ ਕਰਨ।

ਆਧਾਰ ਬਣਾਉਣ ਵਾਲੀਆਂ ਅਜੰਸੀਆਂ ਅਤੇ ਜਿਲ੍ਹੇ ਵਿੱਚ ਮਸ਼ੀਨਾਂ ਦੀ ਸਥਿਤੀ ਸਬੰਧੀ ਜਾਣਕਾਰੀ ਵੈਬਸਾਇਟ epunjabschool.gov.in ਤੇ ਪਾਈਆਂ ਗਈਆਂ ਹਨ।

**ਧਿਆਨ ਵਿੱਚ ਰੱਖਣਯੋਗ ਤੱਥ:-**

- ਆਧਾਰ ਭਰਨ ਸਮੇਂ ਬੇਧਿਆਨੀ ਨਾ ਵਰਤੀ ਜਾਵੇ। ਸਹੀ/ਦਰੁਸਤ ਆਧਾਰ ਹੀ ਭਰੇ ਜਾਣ।ਪਿਛਲੇ ਸੈਸ਼ਨ ਦੌਰਾਨ ਵਿਦਿਆਰਥੀਆਂ ਦੇ ਆਧਾਰ ਵਿੱਚ ਡੁਪਲੀਕੇਸੀ ਪਾਈ ਗਈ ਸੀ, ਇਸ ਲਈ ਵਿਦਿਆਰਥੀਆਂ ਦਾ ਆਧਾਰ ਧਿਆਨ ਨਾਲ ਆਧਾਰ ਕਾਰਡ ਤੋਂ ਦੇਖ ਕੇ ਭਰਿਆ ਜਾਵੇ।
- ਵਿਦਿਆਰਥੀਆਂ ਦੀ ਕੈਟਾਗਰੀ ਵੀ ਧਿਆਨ ਨਾਲ ਭਰੀ ਜਾਵੇ।
- ਕਿੱਤਾ ਬੇਸਡ ਸਕੀਮ ਵਿੱਚ ਕਿੱਤਾ ਭਰਨਾ ਲਾਜਮੀ ਹੈ ਅਤੇ ਮਾਪਿਆਂ ਤੋਂ ਕਿੱਤੇ ਸਬੰਧੀ ਸਵੈ-ਘੋਸ਼ਣਾ ਲਿਆ ਜਾਵੇ।
- ਸਮੇਂ ਸਿਰ ਡਾਟਾ ਫਾਰਵਰਡ/ਅਪਰੂਵ ਕੀਤਾ ਜਾਵੇ।
- ਸਕਾਲਰਸ਼ਿਪ ਅਪਲਾਈ ਕਰਵਾਉਣ ਸਮੇਂ ਵਿਦਿਆਰਥੀਆਂ ਨੂੰ ਵਧੇਰੇ ਵਿੱਤੀ ਲਾਭ ਮਿਲਣ ਵਾਲੀਆਂ ਸਕੀਮਾਂ ਵਿੱਚ ਹੀ ਯੋਗਤਾ ਅਤੇ ਪਹਿਲ ਦੇ ਆਧਾਰ ਤੇ ਹੀ ਅਪਲਾਈ ਕਰਵਾਇਆ ਜਾਵੇ।
- ਜੇਕਰ ਕੋਈ ਵਿਦਿਆਰਥੀ ਹੋਸਟਲਰ ਹੈ ਤਾਂ ਹੀ ਉਸ ਨੂੰ ਹੋਸਟਲਰ ਭਰਿਆ ਜਾਵੇ। ਪਿਛਲੇ ਸੈਸ਼ਨ ਦੌਰਾਨ ਵਿਦਿਆਰਥੀ ਹੋਸਟਲਰ ਨਹੀਂ ਸਨ, ਪ੍ਰੰਤੂ ਉਨ੍ਹਾਂ ਨੂੰ ਹੋਸਟਲਰ ਭਰਿਆ ਗਿਆ ਸੀ ਇਸ ਲਈ ਇਸ ਵਾਰ ਅਜਿਹੀ ਅਣਗਹਿਲੀ ਨਾ ਵਰਤੀ ਜਾਵੇ।

ਜੇਕਰ ਕਿਸੇ ਸਕੂਲ ਨੂੰ ਈ-ਪੰਜਾਬ ਪੋਰਟਲ ਦੀ login-id and password ਨਹੀਂ ਮਿਲਿਆ ਹੈ ਤਾਂ ਉਹ Mis coordinator,O/o District Education Office (EE) ਨਾਲ ਸੰਪਰਕ ਕਰ ਸਕਦਾ ਹੈ।

ਵਿਸੇਸ ਕਾਰਜ ਅਫਸਰ (ਵਜੀਫਾ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਮਾਨਸਾ

ਪੰਡਰਸ਼ ਨੰ: ਸ-1/(C)/ਵਜ਼ੀਫਾ/2018-19/ ਮਿਤੀ 5/07/18

ਸਮੂਹ ਸਕੂਲ ਮੁਖੀਆਂ ਨੂੰ ਜਾਣਕਾਰੀ ਹਿੱਤ ਭੇਜੀ ਜਾਂਦੀ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਹੈ।

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਮਾਨਸਾ।

Scanned by CamScanner